ਨੰਬਰ/F.C.A/1980/105/ 72
ਮਿਤੀ 10/4/17,

ਵੱਲ:

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।

ਸੇਵਾ ਵਿਖੇ:
ਮੁੱਖ ਵਣ ਪਾਲ (ਐਫ.ਸੀ) ਅਤੇ
ਨੋਡਲ ਅਫਸਰ (ਐਫ.ਸੀ.ਏ),
ਪੰਜਾਬ, ਅਜੀਤਗੜ੍ਹ।

ਵਿਸ਼ਾ:- **Diversion of 0.099605 Ha forest land for laying Optical Fiber Cable from Vill. Mehta to Hargobindpur Near Beas bridge Total Length 22.00 Km. LHS, under Gurdaspur Forest Division & District Gurdaspur, Punjab.**

ਯੂਜਰ ਏਜੰਸੀ **Reliance Jio Infocom Ltd. Mohali** ਨੇ ਵਣ ਰਕਬੇ ਦੀ ਡਾਈਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਾਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਲਈ ਭੇਜੀ ਹੈ। ਯੂਜਰ ਏਜੰਸੀ ਇਕ ਪ੍ਰਾਈਵੇਟ ਅਦਾਰਾ ਹੈ। ਇਸ ਵਿੱਚ ਫਾਈਬਰ ਕੇਬਲ ਪਾਉਣ ਲਈ ਫਾਰੈਸਟ ਸਟਰਿੱਪ ਦਾ 0.99605 ਹੈਕਟਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ ਅਤੇ ਇਸ ਕੇਸ ਵਿੱਚ ਕੋਈ ਵੀ ਰੁੱਖ ਪ੍ਰਭਾਵਿਤ ਨਹੀਂ ਹੁੰਦਾ ਹੈ। ਨਿਮਨਹਸਤਾਖਰ ਵੱਲੋਂ ਸਬੰਧਤ ਰਕਬੇ ਦਾ ਮਿਤੀ 05-4-17 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ। ਯੂਜਰ ਏਜੰਸੀ ਵੱਲੋਂ ਬੈਂਕ ਗਾਰੰਟੀ ਨੰਬਰ 0541BGR0212617 ਮਿਤੀ 6-3-17 ਰਾਹੀਂ ਬਾਬਤ ਰਕਮ 5,50,000/- ਰੁਪਏ ਗੁਰਦਾਸਪੁਰ ਵਣ ਮੰਡਲ ਦਫਤਰ ਵਿਖੇ ਜਮਾਂ ਕਰਵਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਯੂਜਰ ਏਜੰਸੀ ਵੱਲੋਂ ਜੀ.ਪੀ.ਐਮ. ਤਹਿਤ ਬਣਦੀ ਰਕਮ 4,95000/- ਰੁਪਏ ਦਾ ਡਰਾਫਟ ਨੰਬਰ 827962 ਮਿਤੀ 8-3-17 ਰਾਹੀਂ ਜਮਾਂ ਕਰਵਾ ਦਿੱਤਾ ਗਿਆ ਹੈ। ਜੋ ਪੰਜਾਬ ਨੈਸ਼ਨਲ ਬੈਂਕ ਗੁਰਦਾਸਪੁਰ ਵਿਖੇ ਜਮਾਂ ਕਰਵਾ ਦਿੱਤਾ ਗਿਆ ਹੈ। ਇਸ ਕੇਸ ਦੀ ਬਣਦੀ ਪ੍ਰੋਸੈਸਿੰਗ ਫੀਸ 1000/- ਰੁਪਏ ਰਸੀਦ ਨੰਬਰ 148714 ਮਿਤੀ 13-2-17 ਰਾਹੀਂ ਜਮਾਂ ਕਰਵਾ ਦਿੱਤੀ ਗਈ ਹੈ। ਤਜਵੀਜ ਨਾਲ ਲੋੜੀਂਦੇ ਸਰਟੀਫਿਕੇਟ ਨਾਲ ਨੱਥੀ ਹਨ। ਤਜਵੀਜ ਇੱਕ ਪੜ੍ਹਤ ਵਿੱਚ ਪ੍ਰਤੀ ਹਸਤਾਖਰ ਕਰਨ ਉਪਰੰਤ ਆਪ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਵਿੱਚ 0.099605 ਹੈਕਟੇਅਰ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਲੋੜੀਂਦੀ ਪ੍ਰਵਾਨਗੀ ਵਣ ਸੁਰੱਖਿਆ ਐਕਟ 1980 ਅਧੀਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।

ਪਿੱਠ ਅੰਕਣ ਨੰ: 73-75 ਮਿਤੀ 10/4/17

1) ਇਸ ਦੀ ਇੱਕ ਨਕਲ ਸਮੇਤ ਸਹਿ ਪੱਤਰ ਵਣ ਪਾਲ, ਬਿਸਤ ਸਰਕਲ, ਪੰਜਾਬ, ਜਲੰਧਰ ਜੀ ਨੂੰ ਇੱਕ ਪੜਤ ਵਿੱਚ ਸੂਚਨਾਂ ਅਤੇ ਅਗਲੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਇਸ ਦੀ ਇੱਕ ਨਕਲ **General Manager, Reliance Jio Infocom Ltd. C-135, Ground Floor, Phase VIII, Industrial Area Near PCL Chowk, Mohali** ਨੂੰ ਸੂਚਨਾ ਲਈ ਭੇਜੀ ਜਾਂਦੀ ਹੈ।
3) ਇਸ ਦੀ ਇੱਕ ਨਕਲ ਰੇਂਜ ਅਫਸਰ ਕਾਦੀਆਂ ਨੂੰ ਉਹਨਾਂ ਦੇ ਪੱਤਰ ਨੰ: 596 ਮਿਤੀ 28-1-17 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਦ ਤੱਕ ਉਕਤ ਕੇਸ ਦੀ ਫਾਈਨਲ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ ਉਦੋਂ ਤੱਕ ਯੂਜਰ ਏਜੰਸੀ ਵਲੋਂ ਮੌਕੇ ਤੇ ਐਫ.ਸੀ.ਏ. 1980 ਦੀ ਕੋਈ ਉਲੰਘਣਾ ਨਾ ਕੀਤੀ ਜਾਵੇ ਜੇਕਰ ਯੂਜਰ ਏਜੰਸੀ ਵੱਲੋਂ ਮੌਕੇ ਤੇ ਐਫ.ਸੀ.ਏ 1980 ਦੀ ਉਲੰਘਣਾ ਹੁੰਦੀ ਹੈ ਤਾਂ ਇਸਦੀ ਨਿੱਜੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ ਸਹਿਪੱਤਰ

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,